# PUNJABI

## Paper—I

## (Literature)

*Time Allowed : Three Hours*

*Maximum Marks : 250*

### QUESTION PAPER SPECIFIC INSTRUCTIONS

**Please read each of the following instructions carefully before attempting questions.**

There are **EIGHT** questions divided in **Two Sections**.

Candidate has to attempt **FIVE** questions in all.

Question no. **1** and **5** are compulsory and out of the remaining, **THREE** are to be attempted choosing at least **ONE** from each section.

The number of marks carried by a question/part is indicated against it.

Answers must be written in **PUNJABI**.

Word limit in questions, wherever specified, should be adhered to.

Attempts of questions shall be counted in chronological order. Unless struck off, attempt of a question shall be counted even if attempted partly. Any page or portion of the page left blank in the answer book must be clearly struck off.

---

## SECTION—A

Q.1. ਹੇਠ ਲਿਖੇ ਸਾਰੇ ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਵਿਚ ਦਿਓ : **10×5=50**

Q. 1(a) ਪੰਜਾਬੀ ਦੀਆਂ ਖੰਡੀ ਤੇ ਅਖੰਡੀ ਧੁਨੀਆਂ ਦਾ ਨਖੇੜਾ ਸਪੱਸ਼ਟ ਕਰੋ। 10

Q. 1(b) ਉਪਭਾਸ਼ਾ ਦੀ ਪਰਿਭਾਸ਼ਾ ਦਿਓ। ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਗਿਣਤੀ ਘਟਣ-ਵਧਣ ਦੇ ਕੀ ਕਾਰਨ ਹਨ? 10

Q. 1(c) 'ਪੰਜਾਬੀ ਵਿਚ ਅਗੇਤਰ ਤੇ ਪਿਛੇਤਰ ਤਾਂ ਮਿਲਦੇ ਹਨ, ਪਰ ਮਧੇਤਰ ਨਹੀਂ ਮਿਲਦੇ।' ਵਿਚਾਰ ਪੇਸ਼ ਕਰੋ। 10

Q. 1(d) ਵਿਸ਼ਵੀਕਰਨ ਤੇ ਕੰਪਿਊਟਰੀਕਰਨ ਦੇ ਦੌਰ ਵਿਚ ਪੰਜਾਬੀ ਭਾਸ਼ਾ ਦੀਆਂ ਨਵੀਆਂ ਵਿਕਾਸ ਦਿਸ਼ਾਵਾਂ ਦੀ ਨਿਸ਼ਾਨਦੇਹੀ ਕਰੋ। 10

Q. 1(e) ਮਧਕਾਲੀ ਸੰਵੇਦਨਾ ਦੇ ਨਿਰਮਾਣ ਵਿਚ ਗੁਰਬਾਣੀ ਦੇ ਯੋਗਦਾਨ ਬਾਰੇ ਚਰਚਾ ਕਰੋ। 10

Q.2. ਹੇਠ ਲਿਖੇ ਸਾਰੇ ਪ੍ਰਸ਼ਨ ਕਰੋ। 20 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 250 ਸ਼ਬਦਾਂ ਵਿਚ ਅਤੇ 15 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 200 ਸ਼ਬਦਾਂ ਵਿਚ ਦਿਓ : **50**

Q. 2(a) ਧੁਨੀ ਵਿਗਿਆਨ ਤੇ ਧੁਨੀ ਵਿਉਂਤ ਦੇ ਸੰਕਲਪਾਂ ਨੂੰ ਪਰਿਭਾਸ਼ਿਤ ਕਰੋ ਅਤੇ ਦਸੋ ਕਿ ਪੰਜਾਬੀ ਧੁਨੀਆਂ ਦੀ ਵਿਗਿਆਨਕ ਵੰਡ ਲਈ ਕਿਹੜਾ ਯੋਗ ਆਧਾਰ ਹੈ? 20

Q. 2(b) ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਭੂਗੋਲਿਕ ਵਰਗ-ਵੰਡ ਕਰੋ ਅਤੇ ਇਸਦੇ ਵਿਭਿੰਨ ਵਰਗਾਂ (ਭਾਗਾਂ) ਦੇ ਭਾਸ਼ਾਈ ਵਿਭੇਦਕ ਲੱਛਣ ਦਸੋ। 15

Q. 2(c) ਭਾਸ਼ਾ ਵਿਚ ਲਿੰਗ ਦਾ ਨਿਰਣਾ ਨਰ ਤੇ ਮਾਦਾ ਦੇ ਆਧਾਰ ਤੇ ਕੀਤਾ ਜਾਂਦਾ ਹੈ। ਕੀ ਪੰਜਾਬੀ ਭਾਸ਼ਾ ਉਤੇ ਵੀ ਇਹ ਲਿੰਗ-ਵਿਧਾਨ ਲਾਗੂ ਹੁੰਦਾ ਹੈ? ਭਾਸ਼ਾਈ ਦ੍ਰਿਸ਼ਟੀ ਤੋਂ ਸਪੱਸ਼ਟ ਕਰੋ। 15

Q.3. **ਹੇਠ ਲਿਖੇ ਸਾਰੇ ਪ੍ਰਸ਼ਨ ਕਰੋ। 20 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 250 ਸ਼ਬਦਾਂ ਵਿਚ ਅਤੇ 15 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 200 ਸ਼ਬਦਾਂ ਵਿਚ ਦਿਓ :** **50**

Q. 3(a) ਵਾਕ-ਰਚਨਾ ਦੀ ਵਰਗ-ਵੰਡ ਦੇ ਮੁੱਖ ਆਧਾਰ ਦਸੋ। ਪੰਜਾਬੀ ਭਾਸ਼ਾ ਦੀ ਵਾਕ ਬਣਤਰ ਦੇ ਵਿਭਿੰਨ ਪ੍ਰਕਾਰ ਅਤੇ ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦਸੋ। 20

Q. 3(b) ਪੰਜਾਬੀ ਕਿਰਿਆ-ਵਾਕੰਸ਼ ਦਾ ਸਰੂਪ ਸਪੱਸ਼ਟ ਕਰੋ ਅਤੇ ਦਸੋ ਕਿ ਪੰਜਾਬੀ, ਵਾਕੰਸ਼ ਜੁਗਤ ਵਿਚ 'ਕਿਰਿਆ ਵਿਸ਼ੇਸ਼ਣ ਵਾਕੰਸ਼' ਦਾ ਕੀ ਮਹੱਤਵ ਤੇ ਪ੍ਰਕਾਰਜ ਹੈ? 15

Q. 3(c) ਪੰਜਾਬੀ ਦੀਆਂ ਹੋਰਨਾਂ ਲਿਪੀਆਂ ਦੇ ਟਾਕਰੇ 'ਤੇ ਪੰਜਾਬੀ ਭਾਸ਼ਾ ਲਈ ਗੁਰਮੁਖੀ ਦੀ ਉਚਿਤਤਾ ਦੇ ਮੁੱਖ ਕਾਰਨ ਦਸੋ ਅਤੇ ਇਸ ਦੀਆਂ ਨਵੀਆਂ ਲੋੜਾਂ ਲਈ ਢੁਕਵੇਂ ਸੁਧਾਰ ਵੀ ਪੇਸ਼ ਕਰੋ। 15

Q.4. **ਹੇਠ ਲਿਖੇ ਸਾਰੇ ਪ੍ਰਸ਼ਨ ਕਰੋ। 20 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 250 ਸ਼ਬਦਾਂ ਵਿਚ ਅਤੇ 15 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 200 ਸ਼ਬਦਾਂ ਵਿਚ ਦਿਓ :** **50**

Q. 4(a) ਭਾਵਾਂਸ਼-ਵਿਉਂਤ ਤੋਂ ਕੀ ਭਾਵ ਹੈ? ਪੰਜਾਬੀ ਭਾਸ਼ਾ ਦੀਆਂ ਵਿਕਾਰੀ ਅਤੇ ਅਵਿਕਾਰੀ ਸ਼ਬਦ-ਸ਼੍ਰੇਣੀਆਂ ਦਾ ਸਰੂਪ ਉਦਾਹਰਣਾਂ ਸਹਿਤ ਸਪੱਸ਼ਟ ਕਰੋ। 15

Q. 4(b) ਇਸ਼ਕ ਮਿਜਾਜ਼ੀ ਤੇ ਇਸ਼ਕ ਹਕੀਕੀ ਦੀ ਦ੍ਰਿਸ਼ਟੀ ਤੋਂ ਪੰਜਾਬੀ ਸੂਫ਼ੀ ਅਤੇ ਕਿੱਸਾ ਕਾਵਿ ਦਾ ਤੁਲਨਾਤਮਕ ਅਧਿਐਨ ਕਰੋ। 20

Q. 4(c) ਮਧਕਾਲੀ ਪੰਜਾਬੀ ਸਾਹਿਤ ਦੀਆਂ ਪ੍ਰਮੁਖ ਸ਼ੈਲੀਗਤ ਜੁਗਤਾਂ ਦਾ ਵਿਸ਼ਲੇਸ਼ਣ ਪੇਸ਼ ਕਰੋ। 15

## SECTION—B

Q.5. **ਹੇਠ ਲਿਖੇ ਸਾਰੇ ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਵਿਚ ਦਿਓ :** **10×5=50**

Q. 5(a) ਆਧੁਨਿਕ ਪੰਜਾਬੀ ਕਾਵਿ ਦੀ ਪ੍ਰਗਤੀਵਾਦੀ ਤੇ ਨਵ-ਪ੍ਰਗਤੀਵਾਦੀ ਕਾਵਿ ਧਾਰਾ ਦੇ ਵਿਭੇਦਕ ਲੱਛਣ ਬਿਆਨ ਕਰੋ। 10

Q. 5(b) ਪ੍ਰੋ. ਪੂਰਨ ਸਿੰਘ ਦਾ ਪੰਜਾਬ ਤੇ ਪੰਜਾਬੀਅਤ ਦਾ ਸੰਕਲਪ ਸਪੱਸ਼ਟ ਕਰੋ। 10

Q. 5(c) ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੀ ਪਾਤਰ ਉਸਾਰੀ ਕਲਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਸੋ। 10

Q. 5(d) ਪੰਜਾਬੀ ਦੇ ਨਿਬੰਧਕਾਰਾਂ ਵਿਚ ਵਿਵੇਕ ਜਾਂ ਭਾਵਨਾ ਵਿਚੋਂ ਕਿਹੜੀ ਰੁਚੀ ਪ੍ਰਮੁਖ ਹੈ ਤੇ ਕਿਉਂ? ਸਪੱਸ਼ਟ ਕਰੋ। 10

Q. 5(e) ਕੀ ਪੰਜਾਬੀ ਲੋਕ ਗੀਤ ਸਭਿਆਚਾਰਕ ਸੂਝ ਤੇ ਸੁਹਜ ਨੂੰ ਵਿਸ਼ਾਲਤਾ ਪ੍ਰਦਾਨ ਕਰਦੇ ਹਨ? ਵਿਚਾਰ ਕਰੋ। 10

Q.6. **ਹੇਠ ਲਿਖੇ ਸਾਰੇ ਪ੍ਰਸ਼ਨ ਕਰੋ। 20 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 250 ਸ਼ਬਦਾਂ ਵਿਚ ਅਤੇ 15 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 200 ਸ਼ਬਦਾਂ ਵਿਚ ਦਿਓ :** **50**

Q. 6(a) ਭਾਈ ਵੀਰ ਸਿੰਘ ਆਜ਼ਾਦ ਤੇ ਮੋਹਨ ਸਿੰਘ ਦੀ ਮਹਾਕਾਵਿ-ਰਚਨਾ ਵਿਚ ਰੂਪ-ਰਚਨਾ ਦੀ ਦ੍ਰਿਸ਼ਟੀ ਤੋਂ ਪਰੰਪਰਾ ਤੇ ਆਧੁਨਿਕ ਪ੍ਰਭਾਵਾਂ ਦਾ ਸਰੂਪ ਸਪੱਸ਼ਟ ਕਰੋ। 20

Q. 6(b) ਨਾਟਕ ਦੀਆਂ ਮੰਚੀ-ਜੁਗਤਾਂ ਦੀ ਦ੍ਰਿਸ਼ਟੀ ਤੋਂ ਕਿਸ ਪੰਜਾਬੀ ਨਾਟਕਕਾਰ ਦੇ ਯੋਗਦਾਨ ਨੂੰ ਵਧੇਰੇ ਅਹਿਮ ਸਥਾਨ ਪ੍ਰਾਪਤ ਹੈ? ਚਰਚਾ ਕਰੋ। 15

Q. 6(c) ਸੰਤ ਸਿੰਘ ਸੇਖੋਂ ਤੇ ਕਿਸ਼ਨ ਸਿੰਘ ਦੀ ਸਾਹਿਤ-ਆਲੋਚਨਾ ਵਿਧੀ ਦੀ ਤੁਲਨਾ ਪੇਸ਼ ਕਰੋ। 15

Q.7. ਹੇਠ ਲਿਖੇ ਸਾਰੇ ਪ੍ਰਸ਼ਨ ਕਰੋ। 20 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 250 ਸ਼ਬਦਾਂ ਵਿਚ ਅਤੇ 15 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 200 ਸ਼ਬਦਾਂ ਵਿਚ ਦਿਓ : **50**

Q. 7(a) ਪੰਜਾਬੀ ਸਾਹਿਤ ਉਪਰ ਸੰਸਕ੍ਰਿਤ, ਫਾਰਸੀ ਤੇ ਪੱਛਮੀ ਪ੍ਰਭਾਵਾਂ ਵਿਚੋਂ ਕਿਹੜਾ ਪ੍ਰਭਾਵ ਵਧੇਰੇ ਪ੍ਰਬਲ ਹੈ ਤੇ ਕਿਉਂ ? 20

Q. 7(b) ਪੰਜਾਬੀ ਨਾਵਲ ਦੀ ਨਿਰੰਤਰ ਵਿਕਾਸ-ਧਾਰਾ ਵਿਚ ਸ਼ੁਰੂ ਤੋਂ ਲੈ ਕੇ ਹੁਣ ਤੀਕ ਕਿਹੜੇ ਥੀਮ ਪ੍ਰਮੁਖ ਰਹੇ ਹਨ ਤੇ ਕਿਉਂ ? 15

Q. 7(c) ਨਵ-ਰਹੱਸਵਾਦ ਦੀ ਪਰਿਭਾਸ਼ਾ ਦਿਓ। ਬਾਵਾ ਬਲਵੰਤ ਤੇ ਪ੍ਰੀਤਮ ਸਿੰਘ ਸਫੀਰ ਵਿਚ ਨਵ-ਰਹੱਸਵਾਦੀ ਪ੍ਰਵਿਰਤੀ ਦਾ ਵਿਸ਼ਲੇਸ਼ਣ ਪੇਸ਼ ਕਰੋ। 15

Q.8. ਹੇਠ ਲਿਖੇ ਸਾਰੇ ਪ੍ਰਸ਼ਨ ਕਰੋ। 20 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 250 ਸ਼ਬਦਾਂ ਵਿਚ ਅਤੇ 15 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 200 ਸ਼ਬਦਾਂ ਵਿਚ ਦਿਓ : **50**

Q. 8(a) ਪੰਜਾਬੀ ਸਾਹਿਤ-ਆਲੋਚਨਾ ਵਿਚ ਪੱਛਮੀ ਆਲੋਚਨਾ ਪ੍ਰਣਾਲੀਆਂ ਦੇ ਪ੍ਰਭਾਵ ਦੀ ਉਚਿਤਤਾ-ਅਨੁਚਿਤਤਾ ਨੂੰ ਚਰਚਾ ਦਾ ਵਿਸ਼ੈ ਬਣਾਓ। 20

Q. 8(b) ਮੋਹਨ ਸਿੰਘ ਤੇ ਅਮ੍ਰਿਤਾ ਪ੍ਰੀਤਮ-ਕਾਵਿ ਦੀ ਨਾਰੀ-ਸੰਵੇਦਨਾ ਦੀ ਤੁਲਨਾ ਕਰੋ। 15

Q. 8(c) ਪੰਜਾਬੀ ਬੁਝਾਰਤਾਂ ਦਾ ਰੂਪਕਾਰਕ ਸਰੂਪ ਸਪੱਸ਼ਟ ਕਰਦੇ ਹੋਏ ਇਸ ਦਾ ਸਭਿਆਚਾਰਕ ਮਹੱਤਵ ਦਸੋ। 15



□□□